# ਲੋਕ-ਰੰਗਕਰਮੀ—ਗੁਰਸ਼ਨ ਸਿੰਘ

*ਡਾ. ਸੰਤੋਖ ਸ਼ਹਰਯਾਰ*

ਆਧੁਨਿਕ ਪੰਜਾਬੀ ਰੰਗਮੰਚ ਨੂੰ ਇਕ ਲਹਿਰ ਦੇ ਰੂਪ ਵਿਚ ਸਵੀਕਾਰ ਕਰਵਾਉਣ ਅਤੇ ਪ੍ਰਚਾਰਨ ਲਈ ਇਪਟਾ ਨੇ ਆਦਰਯੋਗ ਕੰਮ ਕੀਤਾ ਹੈ ਅਤੇ ਸਨਮਾਨਯੋਗ ਤੇ ਨਾਮੀ ਸਾਹਿਤਕਾਰਾਂ ਤੇ ਰੰਗ-ਕਰਮੀਆਂ ਦਾ ਨਾਂ ਇਸ ਨਾਲ ਜੁੜਿਆ ਹੋਇਆ ਹੈ। ਵਿਅਕਤੀਆਂ ਵੱਲੋਂ ਆਜ਼ਾਦ ਤੌਰ 'ਤੇ ਕੀਤੀਆਂ ਗਈਆਂ ਕੋਸ਼ਿਸ਼ਾਂ ਅਤੇ ਸਰਲ ਕੋਸ਼ਿਸ਼ਾਂ ਨੂੰ ਛੁਟਿਆਉਣਾ ਸਾਡਾ ਮਨੋਰਥ ਕਤਈ ਨਹੀਂ, ਪਰ ਇਕ ਇਕੱਲੇ ਅਜਿਹੇ ਰੰਗ-ਕਰਮੀਂ ਬਾਰੇ ਗੱਲਬਾਤ ਕਰਨੀ ਸਾਡਾ ਨੈਤਿਕ ਫ਼ਰਜ਼ ਬਣ ਜਾਂਦਾ ਹੈ ਜਿਹੜਾ ਇਨ੍ਹਾਂ ਦੋਹਾਂ ਕਿਸਮਾਂ ਦੀਆਂ ਸੀਮਾਵਾਂ ਨੂੰ ਉਲੰਘ ਕੇ ਪੰਜਾਬੀ ਰੰਗਮੰਚ ਲਈ ਆਪਣਾ ਸਿਰੜ ਲਗਾਤਾਰ ਨਿਭਾ ਰਿਹਾ ਹੈ। ਇਹ ਰੰਗ-ਕਰਮੀਂ ਹੈ ਗੁਰਸ਼ਰਨ ਸਿੰਘ।

ਸਾਡੇ ਸਭਿਆਚਾਰ ਨੂੰ ਸਿਆਸੀ ਪੱਖੋਂ ਕੁਝ ਸੁਚੇਤ ਬਣਾਉਣ ਦਾ ਯਤਨ ਕਰਨ ਵਾਲੀ ਇਪਟਾ ਦਾ ਹਵਾਲਾ ਅਸੀਂ ਨਾ ਵੀ ਦਿੰਦੇ ਜੇ ਇਹ ਸਿਰਫ਼ ਇਕ ਨਾਂ ਹੀ ਹੁੰਦਾ। ਇਕ ਖੱਬੀ ਪਾਰਟੀ ਨਾਲ ਸੰਬੰਧਤ ਇਹ ਸਭਿਆਚਾਰਕ ਵਿੰਗ ਜਦੋਂ ਤੇਰਾ ਸਿੰਘ ਚੰਨ, ਜੁਗਿੰਦਰ ਬਾਹਰਲਾ ਅਤੇ ਸ਼ੀਲਾ ਭਾਟੀਆ ਦੇ ਨਾਟਕਾਂ ਦੀ ਚੋਖੀ ਕਾਮਯਾਬੀ ਮਗਰੋਂ ਆਪਣੀਆਂ ਸਫ਼ਾਂ ਵਲ੍ਹੇਟ ਲੈਂਦਾ ਹੈ ਤਾਂ ਸਾਡੀਆਂ ਖੱਬੀਆਂ ਸ਼ਕਤੀਆਂ ਦੀਆਂ ਸਭਿਆਚਾਰਕ ਚਿੰਤਾਵਾਂ ਬਾਰੇ ਉਪਰਾਮਤਾ ਦਾ ਇਕ ਬੜਾ ਜਟਿਲ ਸਵਾਲ ਆ ਖੜਾ ਹੁੰਦਾ ਹੈ। ਇਹ ਸ਼ਕਤੀਆਂ ਜਦੋਂ ਸਭਿਆਚਾਰਕ ਮੋਰਚੇ ਉਤੇ ਹਾਰ ਮੰਨ ਬੈਠਦੀਆਂ ਹਨ ਤਾਂ ਕੀ ਰਾਜਨੀਤਿਕ ਮੋਰਚੇ ਉਤੇ ਜਿੱਤ ਪ੍ਰਾਪਤ ਕਰ ਸਕਦੀਆਂ ਹਨ ? ਇਸ ਸਵਾਲ ਦਾ ਜਵਾਬ ਦਰਸ਼ਕਾਂ ਸਮੇਤ ਸਬੰਧਤ ਧਿਰਾਂ ਉਤੇ ਛੱਡ ਕੇ ਅਸੀਂ ਇਕ ਸੁਭਾਗੀ ਸ਼ਖ਼ਸੀਅਤ ਦਾ ਜ਼ਿਕਰ ਕਰਾਂਗੇ, ਜੀਹਨੇ ਨਾ ਕੇਵਲ ਸਿਆਸੀ, ਅਵਾਮੀ ਥੀਏਟਰ ਲਈ ਸਾਧਨਾ ਹੀ ਕੀਤੀ ਹੈ, ਸਗੋਂ ਬਹੁਤ ਸਾਰੇ ਸਵਾਲਾਂ ਦੇ ਹੱਲ ਵੀ ਸੁਝਾਏ ਹਨ।

ਅੱਜ ਦੇ ਸਮੇਂ ਵਿਚ ਜਦੋਂ ਨਾਟਕ ਕਰਨਾ ਇਕ ਚੇਟਕ ਵਾਂਗੂੰ ਹੀ ਲੱਗ ਸਕਣ ਦੀਆਂ ਸੰਭਾਵਨਾਵਾਂ ਮੌਜੂਦ ਸਨ, ਉਹਨੇ ਸੂਤਰਧਾਰ ਅਤੇ ਨੁੱਕੜ-ਨਾਟਕ ਦੀਆਂ ਸ਼ੈਲੀ-ਵਿਧੀਆਂ ਅਪਣਾ ਕੇ ਵਿਦਿਅਕ ਅਤੇ ਸਰਕਾਰੀ ਅਦਾਰਿਆਂ ਦੇ ਪ੍ਰਪੰਚਮੁਖੀ ਚੱਕਰਾਂ ਨੂੰ ਨਾ ਕੇਵਲ ਜਨਤਾ ਵਿਚ ਸ਼ਰਮਿੰਦਿਆਂ ਹੀ ਕੀਤਾ ਹੈ ਸਗੋਂ ਲੋਕ-ਥੀਏਟਰ ਨੂੰ ਗੌਰਵਮਈ ਸਥਾਨ ਵੀ ਪ੍ਰਦਾਨ ਕਰਵਾਇਆ ਹੈ।

ਪੰਜਾਬੀ ਵਿਚ ਸਿਆਸੀ ਨਾਟਕ ਤਕਰੀਬਨ ਨਾ ਹੋਇਆਂ ਵਰਗਾ ਹੀ ਸੀ, ਪਰ ਗੁਰਸ਼ਰਨ ਸਿੰਘ ਦੀ ਨਾਟਕੀ ਪੇਸ਼ਕਾਰੀ ਦਾ ਇਨਕਲਾਬੀ ਮੁਹਾਂਦਰਾ ਕਦੀ ਵੀ ਧੁੰਦਲਾ ਨਹੀਂ ਪਿਆ, ਭਾਵੇਂ ਇਸ ਉਤੇ ਕਦੀ-ਕਦੀ ਰੁਮਾਂਚਕਤਾ ਜਾਂ ਭਾਵੁਕਤਾ ਦਾ ਲੇਬਲ ਜ਼ਰੂਰ ਲਗਦਾ ਰਿਹਾ ਹੈ। ਪਰ ਇਹ ਗੁਰਸ਼ਰਨ ਸਿੰਘ ਦੀ ਇਨਕਲਾਬੀ ਰੁਮਾਂਚਕ ਰੁਚੀ ਹੈ ਜਿਹੜੀ ਉਹਨੂੰ ਮੈਦਾਨ ਵਿਚ ਗੱਜਦਾ ਰੱਖ ਰਹੀ ਹੈ ਅਤੇ ਇਉਂ ਇਹਨੂੰ ਗੁਰਸ਼ਰਨ ਸਿੰਘ ਦੇ ਮੰਚ-ਜਗਤ ਦਾ ਇਕ ਅੰਗ ਹੀ ਸਮਝਿਆ ਜਾ ਸਕਦਾ ਹੈ। ਉਹ ਸੁਧਾਰਵਾਦੀ ਨਾਵਲਕਾਰ ਨਾਨਕ ਸਿੰਘ (ਜੀਹਨੂੰ ਸੇਖੋਂ ਸਾਹਿਬ 'ਭਾਈ' ਸ਼ਬਦ ਨਾਲ ਸੰਬੋਧਿਤ ਹੁੰਦੇ ਹਨ) ਦੇ ਨਾਵਲ 'ਕੋਈ ਹਰਿਆ ਬੂਟ ਰਹਿਓ ਰੀ' ਉਤੇ ਆਧਾਰਿਤ ਨਾਟਕ ਨੂੰ ਇਨਕਲਾਬੀ ਦਿੱਖ ਦੇ ਸਕਦਾ ਹੈ ਅਤੇ ਰਾਸ਼ਟਰੀ ਪੱਧਰ ਦੇ ਦੋ ਇਨਾਮ ਜਿੱਤ ਸਕਦਾ ਹੈ। ਨਾਟਕ ਦੇ ਵਿਦਿਆਰਥੀ ਭਲੀ-ਭਾਂਤ ਸਮਝਦੇ ਹੋਣਗੇ ਕਿ ਨਿਰਦੇਸ਼ਕ ਨੂੰ ਸੰਭਾਵਨਾਵਾਂ ਨਜ਼ਰ ਆਉਂਦੀ ਹੋਵੇ। ਹਿੰਦੀ ਵਿਚ ਇਹਦੇ ਅਨੇਕ ਸਪਸ਼ਟ ਪ੍ਰਮਾਣ ਮਿਲਦੇ ਹਨ।

ਮਿਸਾਲ ਵਜੋਂ ਮੋਹਨ ਰਾਕੇਸ਼ ਦਾ 'ਆਸੜ ਦਾ ਏਕ ਦਿਨ' ਹਰ ਸਮੱਰਥ ਨਿਰਦੇਸ਼ਕ ਦੇ ਨਿਰਦੇਸ਼ਨ ਹੇਠ ਉਹਦੀ ਕਲਾ-ਸੰਪੰਨਤਾ ਮੁਤਾਬਿਕ ਇਕ ਵੱਖਰਾ ਸੁਨੇਹਾ ਦਿੰਦਾ ਹੈ। ਗੁਰਸ਼ਰਨ ਸਿੰਘ ਦੇ ਨਿਰਦੇਸ਼ਨ ਹੇਠ 'ਗੋਦੋ ਦੀ ਉਡੀਕ' ਵਰਗਾ ਪ੍ਰਤੀਕਰਮੀ ਗਰਦਾਨਿਆਂ ਜਾਂਦਾ ਨਾਟਕ ਵੀ ਪ੍ਰਗਤੀਵਾਦੀ ਮੁਹਾਂਦਰਾ ਅਖਤਿਆਰ ਕਰ ਲੈਂਦਾ ਹੈ। ਸਵਾਲ ਇਸ ਇਕੱਲੇ ਨਾਟਕ ਦੀ ਪੇਸ਼ਕਾਰੀ ਵੇਲੇ ਵੀ ਇਹੋ ਹੁੰਦਾ ਹੈ-ਇਹ ਖੇਡਿਆ ਕਿਸ ਮੰਚ ਉਤੋਂ ਜਾ ਰਿਹਾ ਹੈ ? ਗੁਰਸ਼ਰਨ ਸਿੰਘ ਦਾ ਸਾਰਾ ਮੰਚ-ਇਤਿਹਾਸ ਪ੍ਰਗਤੀਮੁਖੀ ਨਾਟਕ-ਯਾਤਰਾ ਦਾ ਇਤਿਹਾਸ ਹੈ। ਇਸ ਨਾਟਕ ਦੇ ਦਰਸ਼ਕਾਂ ਦੇ ਮਨਾਂ ਵਿਚ ਗੁਰਸ਼ਰਨ ਸਿੰਘ ਦੀ ਗੱਜਵੀਂ ਆਵਾਜ਼ ਦੀ ਪ੍ਰਗਤੀਵਾਦੀ ਧੁਨੀ ਮਨਫ਼ੀ ਨਹੀਂ ਹੋ ਸਕਦੀ ਅਤੇ ਇਸ ਜਮ੍ਹਾਂ-ਬਾਕੀ ਦੇ ਆਸਰੇ ਦੀ ਨਾਟਕ ਦੇ ਅਰਥ ਬਦਲਣੇ ਸ਼ੁਰੂ ਹੋ ਜਾਂਦੇ ਹਨ। ਉਹ ਚਾਹੇ ਗੋਗਲੇ ਦਾ 'ਗਿਰਗਿਟ' ਅਤੇ ਚਾਹੇ ਸਾਰਤਰ ਦੀ ਰਚਨਾ ਉਤੇ ਅਧਾਰਿਤ ਨਾਟਕ, ਉਹਦੇ ਸੁਨੇਹੇ ਵਿਚ ਇਕਸਾਰਤਾ ਬਣੀ ਰਹਿੰਦੀ ਹੈ ਅਤੇ ਇਤਿਹਾਸ ਬਣ ਸਕਣ ਦੀ ਸੰਭਾਵਨਾ ਵਾਲੀ ਇਕਸੁਰਤਾ ਵੀ।

ਉਹਨੇ ਪੰਜਾਬੀ ਵਿਚ ਲਿਖੇ ਗਏ ਨਾਟਕ ਤਾਂ ਸਫ਼ਲਤਾ ਨਾਲ ਖੇਡੇ ਹੀ ਹਨ, ਬਹੁਤ ਸਾਰੇ ਅਧਾਰਿਤ ਨਾਟਕ ਵੀ ਖੇਡੇ ਹਨ—'ਜਦੋਂ ਰੋਸ਼ਨੀ ਹੁੰਦੀ ਹੈ', 'ਕੋਈ ਹਰਿਆ ਬੂਟ ਰਹਿਓ ਰੀ', 'ਲੁੱਕ ਵਿਚ ਫਸੇ ਪੈਰ' ਅਤੇ ਅਨੇਕ ਹੋਰ। ਇਹ ਗੱਲ ਇਸ ਲਈ ਵੀ ਵਿਸ਼ੇਸ਼ ਧਿਆਨ ਮੰਗਦੀ ਹੈ ਕਿ ਪੰਜਾਬ ਵਿਚ ਨਾਟਕ ਘੱਟ ਲਿਖੇ ਗਏ ਹੋਣ ਦੇ ਬਹਾਨੇ ਦੀ ਵੀ ਕੋਈ ਗੁੰਜਾਇਸ਼ ਨਹੀਂ। ਇਹ ਗੱਲ ਸਿਥਲਤਾ ਨੂੰ ਤਾਂ ਰੋਕਦੀ ਹੈ, ਆਲਸ ਨੂੰ ਵੀ ਨੱਥ ਪਾਉਂਦੀ ਹੈ ਅਤੇ ਨਾਟਕੀ ਸਾਮਗਰੀ ਲਈ ਨਵਾਂ ਦਿਸਹੱਦਾ ਵੀ ਖੋਲ੍ਹਦੀ ਹੈ। ਇਹ ਬਹੁਤ ਸਾਰੀਆਂ ਘੱਟ ਵਿਕਸਿਤ ਭਾਸ਼ਾਵਾਂ ਲਈ ਨਾਟ-ਸਾਮਗਰੀ ਦੀ ਪ੍ਰਾਪਤੀ ਦਾ ਨਮੂਨਾ ਵੀ ਬਣਦੀ ਹੈ ਅਤੇ ਇਹ ਭਾਰਤੀ ਨਾਟਕ ਦੇ ਖੇਤਰ ਦੀ ਇਕ ਪ੍ਰਾਪਤੀ ਮੰਨੀ ਜਾ ਸਕਦੀ ਹੈ।

ਉਹਨੇ ਹੁਣ ਤਕ ਤਕਰੀਬਨ ਡੇਢ ਸੌ ਨਾਟਕ ਖੇਡੇ ਹਨ ਅਤੇ ਉਹ ਹੰਭਿਆ ਨਹੀਂ। ਉਹ ਕੋਲ ਕੋਈ ਬਹੁਤਾ ਸਰਮਾਇਆ ਵੀ ਨਹੀਂ ਅਤੇ ਕਿਸੇ ਸੰਸਥਾ ਦੀ ਸਰਪ੍ਰਸਤੀ ਲਈ ਵੀ ਉਹਨੇ ਕਦੀ ਹੱਥ-ਪੈਰ ਨਹੀਂ ਮਾਰੇ। ਕਾਰਨ ? ਉਹ ਆਪ ਇਕ ਸੰਸਥਾ ਹੈ, ਜੀਹਨੇ ਪੰਜਾਬ ਦੇ ਪਿੰਡਾਂ ਵਿਚ ਮਹੀਨੇ ਵਿਚ ਕਈ ਵਾਰ ਵੀਹ-ਵੀਹ ਦਿਨ ਜਾਂ ਕੇ ਤਰੁੰਤ ਸਟੇਜ ਤਿਆਰ ਕਰਕੇ ਨਾਟਕ ਖੇਡੇ ਹਨ। ਪੇਂਡੂ ਲੋਕਾਂ ਨੂੰ ਸ਼ਹਿਰੀ ਲੋਕਾਂ ਦੇ ਮੁਕਾਬਲੇ ਵਿਚ ਸ਼ਕਤੀਸ਼ਾਲੀ ਥੀਏਟਰ ਦੇਣ ਦੀ ਸੋਭਾ ਨਿਸਚੇ ਹੀ ਉਹਨੂੰ ਜਾਂਦੀ ਹੈ। ਇਹਦਾ ਇਕ ਕਾਰਨ ਇਹ ਵੀ ਹੈ ਕਿ ਉਹਨੇ ਸਾਡੇ ਧਾਰਮਿਕ ਅਤੇ ਖਾੜਕੂ ਵਿਰਸੇ ਲਈ ਲੋਕ-ਮਨ ਦੀ ਭਾਵਨਾ ਨੂੰ ਸਮਝਿਆ ਅਤੇ ਇਹਦੇ ਇਨਕਲਾਬੀ ਤੱਤ ਨੂੰ ਸਟੇਜ ਉਤੇ ਪੇਸ਼ ਕਰਕੇ ਲੋਕਾਂ ਦੀ ਪ੍ਰਵਾਨੀ ਦੀ ਮੋਹਰੀ ਲਵਾਈ ਹੈ।

ਇਹ ਲਹੂ ਕਿਸਦਾ ਹੈ ਅਤੇ 'ਜਿਨ ਸਚਿ ਪਲੈ ਹੋਇ' ਜਿਹੇ ਕਈ ਨਾਟਕਾਂ ਵਰਗੀ ਕਾਮਯਾਬੀ 'ਤੇ ਕੋਈ ਵੀ ਥੀਏਟਰ ਮਾਣ ਕਰ ਸਕਦਾ ਹੈ। ਹਾਂ, ਇਹ ਗੱਲ ਕਹੀ ਜਾ ਸਕਦੀ ਹੈ ਕਿ ਉਹ ਇਨਾਂ ਨੂੰ ਪ੍ਰਗਤੀਵਾਦੀ ਦਿਸ਼ਾ ਵੱਲ ਉਥੋਂ ਤਕ ਨਹੀਂ ਲਿਜਾ ਸਕਿਆ, ਜਿੰਨੀਆਂ ਸੰਭਾਵਨਾਵਾਂ ਮੌਜੂਦ ਸਨ।

ਇਨ੍ਹਾਂ ਧਾਰਮਿਕ-ਇਤਿਹਾਸਕ ਨਾਟਕਾਂ ਦੇ ਨਾਲ-ਨਾਲ ਉਹਨੇ ਦੁੱਲੇ ਵਰਗੇ ਲੋਕ ਨਾਇਕ ਨੂੰ ਵੀ ਬੜੀ ਕਾਮਯਾਬੀ ਨਾਲ ਸੈਕੂਲਰ ਮੁਹਾਵਰੇ ਵਿਚ ਪੇਸ਼ ਕੀਤਾ ਹੈ ਅਤੇ 'ਧਮਕ ਨਗਾਰੇ ਦੀ' ਨੂੰ ਪੰਜਾਬੀ ਥੀਏਟਰ ਦੇ ਇਤਿਹਾਸ ਵਿਚ ਬੜੀ ਕਾਮਯਾਬੀ ਨਾਲ ਇਕ ਯਾਦਗਾਰੀ ਸਥਾਲ ਦਿਵਾਇਆ ਹੈ।

ਗੁਰਸ਼ਰਨ ਸਿੰਘ ਦਾ ਸੰਸਥਾ ਮੁਖੀ ਰੂਪ ਸ਼ਾਹਿਦ ਬਹੁਤ ਹੱਦ ਤਕ ਅਧੂਰਾ ਰਹਿ ਜਾਵੇਗਾ ਜੇ ਉਹਦੀ ਸ਼ੁਰੂ ਕੀਤੀ 'ਬਲਰਾਜ ਸਾਹਨੀ ਯਾਦਗਾਰੀ ਘਰੇਲੂ ਪੁਸਤਕਸ਼ਾਲਾ' ਦੀਆਂ ਪ੍ਰਕਾਸ਼ਨਾਵਾਂ ਦਾ ਜ਼ਿਕਰ ਨਾ ਕੀਤਾ ਜਾਵੇ। ਉਹਨੇ ਥੀਏਟਰ ਨਾਲ ਜੁੜੀ ਹੋਈ ਇਸ ਸਾਹਿਤਕ ਸੰਭਾਵਨਾ ਨੂੰ ਇਸ ਹੱਦ ਤਕ ਮੂਰਤੀਮਾਨ ਕੀਤਾ ਹੈ ਕਿ ਹਰ ਨਾਟਕ-ਮੇਲੇ ਸਮੇਂ ਆਪਣੀ ਇਸ ਪ੍ਰਕਾਸ਼ਨ-ਸੰਸਥਾ ਵੱਲੋਂ ਦਰਸ਼ਕਾਂ ਨੂੰ ਅਜਿਹਾ ਇਨਕਲਾਬੀ ਸਾਹਿਤ ਦਿੱਤਾ ਹੈ ਜਿਹੜਾ ਕਿਸੇ ਹੋਰ ਪ੍ਰਕਾਸ਼ਨ ਨੇ ਸਰਕਾਰੋਂ ਡਰਦਿਆਂ ਜਾਂ ਮਾਇਕ ਸੋਚਾਂ ਕਾਰਨ ਨਹੀਂ ਦਿੱਤਾ। ਘੱਟੋ-ਘੱਟ ਅਜਿਹੇ ਲੇਖਕਾਂ ਨੂੰ ਉਤਸ਼ਾਹਿਤ ਕਰਨ ਦਾ ਸਾਡੇ ਸਥਾਪਤ ਪ੍ਰਕਾਸ਼ਕ-ਵਰਗ ਦਾ ਉੱਕਾ ਹੀ ਕੋਈ ਇਰਾਦਾ ਨਹੀਂ ਸੀ ਦਿੱਸਦਾ।

ਇਹ ਹੰਭਲੇ ਤੋਂ ਬਿਨਾਂ ਪਾਠਕਾਂ ਨੂੰ ਏਨਾਂ ਸਸਤਾ ਅਤੇ ਬਹੁਤ ਹੱਦ ਤਕ ਏਨਾਂ ਸਿਹਤਮੰਦ ਸਾਹਿਤ ਪ੍ਰਾਪਤ ਨਹੀਂ ਹੋ ਸਕਣਾ। ਇਉਂ ਗੁਰਸ਼ਰਨ ਸਿੰਘ ਨੇ ਪ੍ਰਯੋਗਵਾਦੀ ਲਹਿਰ ਦੇ ਭੁਲਾਵੇ ਵਿਚ ਭੁੱਲੇ ਹੋਏ ਪਾਠਕਾਂ ਨੂੰ ਆਪਣੇ ਥੀਏਟਰ ਦੇ ਆਸਰੇ ਮੁੜ ਪੰਜਾਬੀ ਸਾਹਿਤ ਵੱਲ ਮੋੜ ਕੇ ਪੰਜਾਬੀ ਦੇ ਸਿਰ ਅਹਿਸਾਨ ਕੀਤਾ ਹੈ, ਜੀਹਦੀ ਅਹਿਮੀਅਤ ਕਦੀ ਵੀ ਘਟਾ ਕੇ ਨਹੀਂ ਵੇਖੀ ਜਾ ਸਕੇਗੀ।